**ਸ਼੍ਰੇਣੀ-ਦਸਵੀਂ**

**ਗ੍ਰਹਿ ਵਿਗਿਆਨ**

**ਮਾਡਲ ਟੈਸਟ ਪੇਪਰ(ਲਿਖਤੀ)**

**(2020-21)**

**ਸਮਾਂ : 3 ਘੰਟੇ** **ਕੁੱਲ ਅੰਕ :60**

ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ- ਭਾਗ-ੳ, ਅ ਅਤੇ ੲ। ਪ੍ਰਸ਼ਨ ਪੱਤਰ ਵਿੱਚ ਕੁੱਲ 28 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

ਭਾਗ-I ਵਿੱਚ ਪ੍ਰਸ਼ਨ ਨੰਬਰ 1 ਤੋਂ 16 ਵਸਤੂਨਿਸ਼ਠ ਕਿਸਮ ਦੇ ਹਨ ਅਤੇ ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ ।

ਭਾਗ-II ਵਿੱਚ ਪ੍ਰਸ਼ਨ ਨੰਬਰ 17 ਤੋਂ 24 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹਨ ਅਤੇ ਹਰ ਪ੍ਰਸ਼ਨ ਤਿੰਨ ਅੰਕ ਦਾ ਹੈ । ਇਹਨਾਂ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿੱਚ ਦਿਉ ।

ਭਾਗ-III ਵਿੱਚ ਪ੍ਰਸ਼ਨ ਨੰਬਰ 25 ਤੋਂ 28 ਵੱਡੇ ਉੱਤਰਾਂ ਵਾਲੇ ਪ੍ਰਸ਼ਨ ਹਨ ਅਤੇ ਹਰ ਇੱਕ ਪ੍ਰਸ਼ਨ 5 ਅੰਕ ਦਾ ਹੈ । ਇਹਨਾਂ ਪ੍ਰਸ਼ਨਾਂ ਦੇ ਉੱਤਰ 150-200 ਸ਼ਬਦਾਂ ਵਿੱਚ ਦਿਉ ।

## ਭਾਗ-I

**ਵਸਤੂਨਿਸ਼ਠ ਪ੍ਰਸ਼ਨ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ ।**

1. ਘਰ ਤੋਂ ਕੀ ਭਾਵ ਹੈ ?
2. ਭੋਜਨ ਦੀ ਪਰਿਭਾਸ਼ਾ ਲਿਖੋ।
3. ਪਰਿਵਾਰ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ ?
4. ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ ?
5. ਸਮਾਂ ਇੱਕ __________ ਸਾਧਨ ਹੈ ।
6. ਵਿਟਾਮਿਨ 'ਸੀ' ਦੀ ਘਾਟ ਨਾਲ ________ ਨਾਂ ਦਾ ਰੋਗ ਹੋ ਜਾਂਦਾ ਹੈ ।
7. ____________ ਪਰਿਵਾਰ ਦਾ ਮੁਖੀਆ ਹੁੰਦਾ ਹੈ ।
8. ਸਿਲਕ ਨੂੰ ਕੱਪੜਿਆਂ ਦੀ _______ ਕਿਹਾ ਜਾਂਦਾ ਹੈ ।
9. ਦੋ ਵਿਅਕਤੀਆਂ ਦੇ ਵਿਆਹ ਤੋਂ ਨਵਾਂ ਪਰਿਵਾਰ ਸ਼ੁਰੂ ਹੁੰਦਾ ਹੈ । (ਸਹੀ/ਗਲਤ)
10. ਗ੍ਰਹਿ ਵਿਵਸਥਾ ਹੀ ਗ੍ਰਹਿ ਵਿਗਿਆਨ ਦਾ ਆਧਾਰ ਹੈ । (ਸਹੀ/ਗਲਤ)
11. ਇੱਕ ਗ੍ਰਾਮ ਕਾਰਬੋਹਾਈਡ੍ਰੇਟਸ ਤੋਂ 4 ਕੈਲੋਰੀਆਂ ਊਰਜਾ ਮਿਲਦੀ ਹੈ । (ਸਹੀ/ਗਲਤ)
12. ਰੇਔਨ ਇੱਕ ਕੁਦਰਤੀ ਰੇਸ਼ਾ ਹੈ । (ਸਹੀ/ਗਲਤ)
13. ਛੋਟਾ ਪਰਿਵਾਰ ਹੇਠ ਲਿਖਿਆਂ ਵਿੱਚੋਂ ਕਿਹੜਾ ਹੈ :-
    (ੳ) ਸੰਯੁਕਤ ਪਰਿਵਾਰ (ਅ) ਇਕਾਈ ਪਰਿਵਾਰ (ੲ) ਦੋਨੋ ਪਰਿਵਾਰ
14. ਘਰ ਬਣਾਉਣ ਲਈ ਕਰਜ਼ ਦੇਣ ਵਾਲੀਆਂ ਏਜੰਸੀਆਂ ਹਨ :-
    (ੳ) ਬੈਂਕ (ਅ) ਟਰਸਟ (ੲ) ਜੀਵਨ ਬੀਮਾ ਕੰਪਨੀਆਂ (ਸ) ਉਪਰੋਕਤ ਸਾਰੇ
15. ਰੇਸ਼ੇ ਕਿੰਨੀ ਤਰ੍ਹਾਂ ਦੇ ਹੁੰਦੇ ਹਨ :-
    (ੳ) ਦੋ (ਅ) ਤਿੰਨ (ੲ) ਇੱਕ (ਸ) ਚਾਰ
16. ਪਾਣੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ :-
    (ੳ) 'ਏ' (ਅ) 'ਡੀ' (ੲ) 'ਕੇ' (ਸ) 'ਸੀ' 16x1=16

## ਭਾਗ-II

**ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 60-80 ਸ਼ਬਦਾਂ ਵਿੱਚ ਦਿਉ ।**

17. ਚੰਗੀ ਗ੍ਰਹਿ ਵਿਵਸਥਾ ਦਾ ਕੀ ਮਹੱਤਵ ਹੈ ?

ਜਾਂ

ਚੰਗੇ ਗ੍ਰਹਿ ਪ੍ਰਬੰਧਕ ਦੇ ਗੁਣਾਂ ਬਾਰੇ ਸੰਖੇਪ ਵਿੱਚ ਲਿਖੋ ?

18. ਆਪਣਾ ਘਰ ਬਣਾਉਣ ਦੇ ਕੀ ਫਾਇਦੇ ਹਨ ?

19. ਸੰਤੁਲਿਤ ਭੋਜਨ ਦੀ ਯੋਜਨਾ ਬਣਾਉਂਦੇ ਸਮੇ ਕਿਹੜੀਆਂ-ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ?

20. ਚਰਬੀ ਸਾਡੇ ਸਰੀਰ ਵਿੱਚ ਕੀ ਕੰਮ ਕਰਦੀ ਹੈ ?

ਜਾਂ

ਪਾਣੀ ਸਾਡੇ ਸਰੀਰ ਲਈ ਕਿਵੇਂ ਮਹੱਤਵਪੂਰਨ ਹੈ ?

21. ਬੱਚਿਆਂ ਦੇ ਜਨਮ ਵਿੱਚ ਫਾਸਲਾ ਰੱਖਣ ਦਾ ਕੀ ਮਹੱਤਵ ਹੈ?

ਜਾਂ

ਸੰਯੁਕਤ ਪਰਿਵਾਰ ਹੋਣ ਦੇ ਕੀ ਨੁਕਸਾਨ ਹਨ ?

22. ਛੋਟੇ ਪਰਿਵਾਰ ਦੇ ਕੀ ਲਾਭ ਹਨ ?

23. ਮਿਸ਼ਰਤ ਰੇਸ਼ੇ ਬਣਾਉਣ ਦੇ ਕੀ ਲਾਭ ਹਨ ?

ਜਾਂ

ਲਿਨਨ ਦੇ ਕੱਪੜੇ ਦੀਆਂ ਵਿਸ਼ੇਸ਼ਤਾਵਾਂ ਦੱਸੋ ?

24. ਊਨੀ ਕੱਪੜਿਆਂ ਦੀ ਦੇਖਭਾਲ ਕਿਵੇਂ ਕਰੋਗੇ ? 8x3=24

## ਭਾਗ-III

**ਵੱਡੇ ਉੱਤਰਾਂ ਵਾਲੇ ਪ੍ਰਸ਼ਨ। ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 150-200 ਸ਼ਬਦਾਂ ਵਿੱਚ ਦਿਉ ।**

25. ਚੰਗਾ ਗ੍ਰਹਿ ਪ੍ਰਬੰਧਕ ਬਣਨ ਲਈ ਆਪਣੇ ਵਿੱਚ ਕੀ-ਕੀ ਸੁਧਾਰ ਲਿਆਂਦੇ ਜਾ ਸਕਦੇ ਹਨ?

ਜਾਂ

ਘਰ ਲਈ ਕਮਰਿਆਂ ਦਾ ਆਯੋਜਨ ਕਿਵੇਂ ਕਰੋਗੇ ਅਤੇ ਕਿਹੜੇ ਕਮਰੇ ਜ਼ਰੂਰੀ ਹਨ ?

26. ਪ੍ਰੋਟੀਨ ਦੇ ਸ੍ਰੋਤ, ਕੰਮ ਅਤੇ ਕਮੀ ਦੇ ਪ੍ਰਭਾਵ ਦਾ ਵਰਨਣ ਕਰੋ ?

ਜਾਂ

ਭੋਜਨ ਸਮੂਹਾਂ ਬਾਰੇ ਵਿਸਤਾਰ ਸਹਿਤ ਵਰਨਣ ਕਰੋ?

27. ਆਰਥਿਕ ਖੁਸ਼ਹਾਲੀ ਲਈ ਛੋਟਾ ਪਰਿਵਾਰ ਹੋਣਾ ਕਿਉਂ ਜ਼ਰੂਰੀ ਹੈ ?

ਜਾਂ

ਸੰਯੁਕਤ ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ? ਇਸਦੇ ਫਾਇਦੇ ਅਤੇ ਨੁਕਸਾਨ ਲਿਖੋ?

28. ਕੁਦਰਤੀ ਰੇਸ਼ਿਆਂ ਦੀ ਰਚਨਾ ਅਤੇ ਵਿਸ਼ੇਸ਼ਤਾਈਆਂ ਬਾਰੇ ਦੱਸੋ?

ਜਾਂ

ਰੇਸ਼ੇ ਤੋਂ ਕੱਪੜਾ ਬਣਾਉਣ ਲਈ ਕਿਹੜੇ ਮੂਲ ਗੁਣ ਹੋਣੇ ਚਾਹੀਦੇ ਹਨ ? 4x5=20